# ਮਨੁੱਖੀ ਮੁਕਤੀ ਲਈ ਇਨਕਲਾਬੀ ਪ੍ਰਗਤੀ ਦਾ ਮਾਰਗਦਰਸ਼ਕ ਲੈਨਿਨ

**– ਸੀਤਾ ਰਾਮ ਯੇਚੁਰੀ**

ਸਿਰਫ 54 ਸਾਲਾਂ ਦੀ ਉਮਰ ਵਿੱਚ, ਵਲਾਦੀਮੀਰ ਇਲੀਚ ਲੈਨਿਨ ਨੇ ਵਿਸ਼ਵਵਿਆਪੀ ਪ੍ਰੋਲੋਤਾਰੀ ਇਨਕਲਾਬੀ ਲਹਿਰ ਉੱਪਰ ਇੱਕ ਅਮਿੱਟ ਛਾਪ ਛੱਡੀ। ਉਸ ਨੇ ਨਾ ਸਿਰਫ ਮਾਰਕਸਵਾਦ ਦੇ ਸਿਰਜਣਾਤਮਕ ਵਿਗਿਆਨ ਦੇ ਸਾਰ ਵਿੱਚ ਮੁਹਾਰਤ ਹਾਸਲ ਕੀਤੀ, ਸਗੋਂ ਉਸ ਨੂੰ ਆਪਣੇ ਸਮੇਂ ਦੇ ਹਲਾਤਾਂ ਦੇ ਅਨੁਸਾਰ ਨਵਾਂ ਰੂਪ ਦਿੱਤਾ ਅਤੇ ਰੂਸੀ ਇਨਕਲਾਬ ਨੂੰ ਉਹ ਜਿਤ ਵੱਲ ਲੈ ਗਏ ਜਿਸ ਨਾਲ ਦੁਨੀਆਂ ਦੇ ਪਹਿਲੇ ਸਮਾਜਵਾਦੀ ਦੇਸ਼-ਯੂਐਸਐਸਆਰ ਦੀ ਸਥਾਪਨਾ ਹੋਈ। ਲੈਨਿਨ ਨੇ ਇਨਕਲਾਬੀ ਲਹਿਰ ਨੂੰ ਭਟਕਣ ਤੋਂ ਬਚਾਉਂਦੇ ਹੋਏ ਮਾਰਕਸਵਾਦ ਨੂੰ ਹੋਰ ਵੀ ਵਿਕਸਤ ਕੀਤਾ । ਉਹ ਇੱਕ ਮਾਰਕਸਵਾਦੀ ਸਿਧਾਂਤਕਾਰ ਅਤੇ ਮਾਹਰ ਦਾਅਪੇਚਕ ਸਨ। ਦੁਨੀਆਂ ਦੇ ਹਰ ਦੇਸ਼ ਵਿੱਚ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਦੇ ਯੋਗਦਾਨ ਤੋਂ ਸਿੱਖਣ ਅਤੇ ਅਮਲ ਕਰਨ ਦੀ ਲੋੜ ਅੱਜ ਵੀ ਕਾਇਮ ਹੈ।

**ਮਾਰਕਸਵਾਦ ਦੇ ਸਾਰ ਨੂੰ ਸਮਝਣਾ :** ਮਹਾਨ ਅਕਤੂਬਰ ਸਮਾਜਵਾਦੀ ਰੂਸੀ ਇਨਕਲਾਬ ਦੀ ਅਗਵਾਈ ਕਰਦੇ ਹੋਏ ਲੈਨਿਨ ਨੇ ਮਾਰਕਸ ਦੇ ਮਸ਼ਹੂਰ ਉਚਾਰਨ ਦੀ ਸਚਾਈ ਨੂੰ ਸਹੀ ਸਾਬਤ ਕਰ ਦਿੱਤਾ। "ਦਾਰਸ਼ਨਿਕਾਂ ਨੇ ਅਕਸਰ ਦੁਨੀਆਂ ਦੀ ਵਿਆਖਿਆ ਵੱਖ ਵੱਖ ਤਰੀਕਿਆਂ ਨਾਲ ਕੀਤੀ ਹੈ, ਪਰ ਅਸਲ ਗੱਲ ਇਹ ਹੈ ਕਿ ਇਸ ਨੂੰ ਬਦਲਿਆ ਕਿਵੇਂ ਜਾਵੇ।"

ਮਾਰਕਸਵਾਦ ਉੱਪਰ ਵਿਸਤਰਤ ਪਕੜ, ਇਸ ਦੇ ਵਿਗਿਆਨਕ ਢੰਗ, ਰਚਨਾਤਕ ਸੰਭਾਵਨਾਵਾਂ ਅਤੇ ਇਸ ਦੇ ਵਿਸ਼ਵ ਦ੍ਰਿਸ਼ਟੀਕੋਨ ਰਾਹੀਂ ਬਦਲ ਰਹੀ ਦੁਨੀਆਂ ਦੀ ਅਗਵਾਈ ਕਰਨ ਦੇ ਲੈਨਿਨ ਯੋਗ ਸੀ। ਅਕਸਰ, ਮਾਰਕਸਵਾਦ ਦੇ ਖਜ਼ਾਨੇ ਵਿੱਚ ਉਸਦੇ ਵਿਲੱਖਣ ਅਤੇ ਮੋਹਰੀ ਯੋਗਦਾਨ ਦੇ ਇਨ੍ਹਾਂ ਪਹਿਲੂਆਂ ਨੂੰ ਡੂੰਘੀ ਸਮਝ ਲਈ ਵੱਖਰੇ ਤੌਰ 'ਤੇ ਲਿਆ ਜਾਂਦਾ ਹੈ। ਬਹੁਤ ਸਾਰੇ ਲੋਕਾਂ ਨੇ ਲੈਨਿਨ ਦੀਆਂ ਵੱਖ ਵੱਖ ਮਹਤੱਵਪੂਰਨ ਰਚਨਾਵਾਂ ਦਾ ਅਧਿਐਨ ਕੀਤਾ ਹੈ ਜਿਵੇਂ ਕਿ 'ਰਾਜ ਅਤੇ ਇਨਕਲਾਬ', 'ਸਮਾਜਿਕ ਲੋਕਤੰਤਰ ਦੀਆਂ ਦੋ ਰਣਨੀਤੀਆਂ', 'ਕੀ ਕਰਨਾ ਚਾਹੀਦਾ ਹੈ', 'ਸਾਮਰਾਜਵਾਦ, ਪੂੰਜੀਵਾਦ ਦਾ ਉੱਚਤਮ ਪੜਾਅ' ਆਦਿ।

ਇਹ, ਬਿਨਾਂ ਸ਼ੱਕ ਮਹੱਤਵਪੂਰਨ ਹੈ, ਬਿਲਕੁਲ ਮਹੱਤਵਪੂਰਨ ਹੈ। ਅੱਜ ਦੇ ਹਾਲਾਤਾਂ ਵਿੱਚ ਸੰਪੂਰਨ ਮਨੁੱਖੀ ਮੁਕਤੀ ਦੀ ਲੜਾਈ ਨੂੰ ਅੱਗੇ ਵਧਾਉਣ ਲਈ, ਇਨ੍ਹਾਂ ਵਿੱਚੋਂ ਹਰੇਕ ਰਚਨਾ ਨੂੰ ਹਰ ਇਨਕਲਾਬੀ ਦੁਆਰਾ ਸਹੀ ਢੰਗ ਨਾਲ ਸਮਝਣਾ ਅਤੇ ਉਸਦਾ ਨਿਚੋੜ ਜਾਨਣਾ ਜ਼ਰੂਰੀ ਹੈ। ਪਰ ਇਹ ਸਮਝਣਾ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ ਕਿ ਲੈਨਿਨ ਨੇ ਰੂਸੀ ਇਨਕਲਾਬ ਅਤੇ ਵਿਸ਼ਵ ਪ੍ਰੋਲੋਤਾਰੀ ਲਹਿਰ ਦੇ ਮੋੜਾਂ ਅਤੇ ਉਤਰਾਅ-ਚੜਾਅ ਦੇ ਖਾਸ ਦੌਰਾਂ ਵਿੱਚ ਇਹ ਰਚਨਾਵਾਂ ਕਿਉਂ ਲਿਖੀਆਂ।

ਆਓ ਆਪਾਂ, ਮਾਰਕਸਵਾਦ ਬਾਰੇ ਲੈਨਿਨ ਦੁਆਰਾ ਕਹੀਆਂ ਦੋ ਗੱਲਾਂ ਨੂੰ ਇਕੱਠੇ ਕਰੀਏ ਜੋ ਮੈਨੂੰ ਲੱਗਦਾ ਹੈ, ਇਸ ਰਚਨਾਤਮਕ ਵਿਗਿਆਨ ਦੀ ਅੰਦਰੂਨੀ ਗਹਿਰਾਈ ਨੂੰ ਸਮਝਣ ਵਿੱਚ ਸਾਡੀ ਮੱਦਦ ਕਰਦੀਆਂ ਹਨ। ਪਹਿਲੀ ਗੱਲ, ਲੈਨਿਨ ਨੇ 'ਲੋਕਾਂ ਦੇ ਮਿੱਤਰ ਕੌਣ ਹਨ' ਵਿੱਚ ਕਿਹਾ ਸੀ ਕਿ "ਲੱਖਾਂ ਮਿਹਨਤਕਸ਼ ਲੋਕ ਮਾਰਕਸਵਾਦ ਵੱਲ ਆਕਰਸ਼ਿਤ ਹੋ ਰਹੇ ਹਨ, ਕਿਉਂਕਿ ਇਹ ਇੱਕੋ ਇੱਕ ਫਲਸਫਾ ਹੈ ਜੋ ਇਕੋ ਸਮੇਂ ਦੋ ਪਹਿਲੂਆਂ 'ਇਨਕਲਾਬੀ' ਅਤੇ 'ਸਰਵਉੱਚ ਵਿਗਿਆਨ' ਨੂੰ ਜੋੜਦਾ ਹੈ,। ਇਹ ਇਸ ਲਈ ਨਹੀਂ ਹੈ ਕਿ ਇਸ ਦੇ ਸੰਸਥਾਪਕ ਆਪਣੇ ਜੀਵਨ ਵਿੱਚ ਇਨ੍ਹਾਂ ਦੋਵਾਂ ਗੁਣਾ ਨੂੰ ਰੱਖਦੇ ਸਨ ਬਲਕਿ ਮਾਰਕਸਵਾਦ ਉਨ੍ਹਾਂ ਦੋਵਾਂ ਗੁਣਾਂ ਨੂੰ ਆਪੋ ਵਿੱਚੀ ਅਤੇ ਆਪਣੇ ਮੂਲ ਸਰੂਪ ਵਿੱਚ ਜੋੜਦਾ ਹੈ"। ਦੂਜੀ ਗੱਲ, ਲੈਨਿਨ ਨੇ ਜ਼ੋਰ ਦੇ ਕੇ ਕਿਹਾ ਸੀ ਕਿ "ਮਾਰਕਸਵਾਦ ਵਿੱਚ ਸਭ

ਤੋਂ ਜ਼ਰੂਰੀ ਚੀਜ਼ ਭਾਵ ਮਾਰਕਸਵਾਦ ਦੀ ਜੀਵਤ ਆਤਮਾ ਇਹ ਹੈ ਕਿ ਮਾਰਕਸਵਾਦ ਠੋਸ ਸਥਿਤੀਆਂ ਦਾ ਠੋਸ ਵਿਸ਼ਲੇਸ਼ਣ ਕਰਦਾ ਹੈ"।

ਮਾਰਕਸਵਾਦ ਦੇ ਇਨ੍ਹਾਂ ਦੋਵਾਂ ਪਹਿਲੂਆਂ–'ਇਨਕਲਾਬੀ' ਅਤੇ 'ਉਚਤਮ ਵਿਗਿਆਨਕ' ਦੇ ਸੁਮੇਲ ਰਾਹੀਂ ਹੀ ਮਨੁੱਖੀ ਆਜ਼ਾਦੀ ਦੇ ਇਨਕਲਾਬੀ ਉਦੇਸ਼ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇੱਕ 'ਤੇ ਜ਼ਿਆਦਾ ਜ਼ੋਰ ਦੇਣਾ ਅਤੇ ਦੂਜੇ ਉੱਪਰ ਘੱਟ ਜ਼ੋਰ ਦੇਣਾ ਭਟਕਾਅ ਵੱਲ ਲੈ ਕੇ ਜਾ ਸਕਦਾ ਹੈ। ਇਨਕਲਾਬੀ ਸੰਭਾਵਨਾ ਨੂੰ ਨਜ਼ਰਅੰਦਾਜ਼ ਕਰਨਾ ਅਤੇ ਸਿਰਫ ਹਲਾਤਾਂ ਦੇ ਵਿਗਿਆਨਕ ਵਿਸ਼ਲੇਸ਼ਣ 'ਤੇ ਧਿਆਨ ਕੇਂਦਰਿਤ ਕਰਨਾ ਹਮੇਸ਼ਾਂ ਸੁਧਾਰਵਾਦ ਵੱਲ ਲੈ ਜਾਵੇਗਾ। ਹਾਲਤਾਂ ਦੇ ਵਿਗਿਆਨਕ ਮੁਲਾਂਕਣ ਨੂੰ ਨਜ਼ਰਅੰਦਾਜ਼ ਕਰਨਾ ਅਤੇ ਸਿਰਫ ਇਨਕਲਾਬੀ ਨਾਅਰੇਬਾਜ਼ੀ ਦਾ ਸਹਾਰਾ ਲੈਣਾ ਖੱਬੇ ਪੱਖੀ ਭਟਕਾਅ ਵੱਲ ਲੈ ਜਾਵੇਗਾ। ਅਜਿਹੀਆਂ ਭਟਕਣਾ ਤੋਂ ਬਚਣ ਲਈ, ਇਨ੍ਹਾਂ ਦੋਵਾਂ ਗੁਣਾਂ ਦਾ ਸਹੀ ਸੁਮੇਲ ਜ਼ਰੂਰੀ ਹੈ।

'ਠੋਸ ਹਾਲਤਾਂ ਦੇ ਠੋਸ ਵਿਸ਼ਲੇਸਣ ਲਈ' ਠੋਸ ਹਾਲਤਾਂ ਦੇ ਬਾਹਰਮੁੱਖੀ ਮੁਲਾਂਕਣ ਅਤੇ ਉਸ ਆਧਾਰ 'ਤੇ ਸਹੀ ਇਨਕਲਾਬੀ ਵਿਸ਼ਲੇਸ਼ਣ ਕੱਢਣ ਦੀ ਲੋੜ ਹੁੰਦੀ ਹੈ। ਅੰਤਰਮੁਖੀ ਵਿਚਾਰਾਂ ਦੇ ਆਧਾਰ 'ਤੇ ਠੋਸ ਹਾਲਤਾਂ ਦਾ ਗਲਤ ਅਨੁਮਾਨ, ਗਲਤ ਅਤੇ ਹਾਨੀਕਾਰਕ ਰਾਜਨੀਤਕ ਵਿਸ਼ਲੇਸਣ ਵੱਲ ਲੈ ਜਾਵੇਗਾ ਅਤੇ ਇਨਕਲਾਬੀ ਲਹਿਰ ਨੂੰ ਪਟੜੀ ਤੋਂ ਉਤਾਰ ਸਕਦਾ ਹੈ। ਇਸ ਲਈ, ਇੱਕ ਇਨਕਲਾਬੀ ਲਈ ਠੋਸ ਹਾਲਤਾਂ ਦਾ ਬਾਹਰਮੁਖੀ ਮੁਲਾਂਕਣ ਕਰਨ ਅਤੇ ਮਾਰਕਸਵਾਦ ਦੇ ਉਪਰੋਕਤ ਦੋ ਗੁਣਾਂ ਨੂੰ ਜੋੜ ਕੇ ਵਿਸ਼ਲੇਸ਼ਣ ਕਰਨ ਦੀ ਯੋਗਤਾ ਉਹ ਨੀਂਹ ਹੈ ਜਿਸ ਦੇ ਆਧਾਰ 'ਤੇ ਇਨਕਲਾਬੀ ਲਹਿਰ ਅੱਗੇ ਵਧ ਸਕਦੀ ਹੈ। ਭਾਵੇਂ ਹਾਲਤਾਂ ਦਾ ਠੀਕ ਅਨੁਮਾਨ ਹੋ ਜਾਵੇ ਅਤੇ ਇਸ ਅਨੁਮਾਨ ਦੇ ਆਧਾਰ 'ਤੇ ਠੀਕ ਵਿਸ਼ਲੇਸ਼ਣ ਅਤੇ ਇਨਕਲਾਬੀ ਲਹਿਰ ਵੱਲੋਂ ਸਹੀ ਰਾਜਨੀਤਕ ਦਾਅਪੇਚਕ ਲਾਈਨ ਵੀ ਤਿਆਰ ਕਰ ਲਈ ਜਾਵੇ, ਪਰ ਇਸ ਰਾਜਨੀਤਕ ਦਾਅਪੇਚਕ ਲਾਈਨ ਨੂੰ ਅਮਲ ਵਿੱਚ ਲਾਗੂ ਕਰਨਾ ਪਾਰਟੀ ਸੰਗਠਨ ਦੀ ਤਾਕਤ ਉੱਪਰ ਨਿਰਭਰ ਕਰਦਾ ਹੈ। ਜਿਵੇਂ ਸਟਾਲਿਨ ਨੇ ਲੈਨਿਨ ਤੋਂ ਸਿੱਖਦਿਆਂ ਕਿਹਾ ਸੀ ਕਿ ਭਾਵੇਂ ਰਾਜਨੀਤਕ ਲਾਈਨ ਸੌ ਪ੍ਰਤੀਸ਼ਤ ਠੀਕ ਹੋਵੇ, ਜੇਕਰ ਪਾਰਟੀ ਕੋਲ ਅਜਿਹੀ ਜਥੇਬੰਦੀ ਨਹੀਂ ਹੈ ਜੋ ਇਸ ਰਾਜਨੀਤਕ ਲਾਈਨ ਨੂੰ ਲੋਕਾਂ ਤੱਕ ਲੈ ਕੇ ਜਾ ਸਕੇ ਤਾਂ ਇਹ ਠੀਕ ਲਾਈਨ ਵੀ ਬੇਅਸਰ ਰਹਿ ਜਾਂਦੀ ਹੈ। ਇਸ ਲਈ ਪਾਰਟੀ ਦੀ ਜਥੇਬੰਦੀ, ਉਸ ਦੀ ਸਮਰੱਥਾ, ਉਸਦੀ ਕਾਬਲੀਅਤ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਨੂੰ ਲੈਨਿਨ ਨੇ ਇਨਕਲਾਬ ਦਾ 'ਵਿਅਕਤੀਗਤ ਕਾਰਕ' (Subjective Factor) ਕਿਹਾ ਹੈ।

ਇਨ੍ਹਾਂ ਸਾਰੇ ਪਹਿਲੂਆਂ 'ਤੇ ਲੈਨਿਨ ਨੇ 'ਸੁਧਾਰਵਾਦ' ਅਤੇ 'ਖੱਬੇ ਪੱਖੀ ਭਟਕਾਅ' ਜਿਸ ਨੂੰ ਉਨ੍ਹਾਂ ਨੇ "ਖੱਬਾ ਪੱਖੀ ਇੱਕ ਬਚਕਾਨਾ ਰੋਗ" ਕਿਹਾ ਸੀ, ਇਨ੍ਹਾਂ ਦੋਵਾਂ ਕਿਸਮਾਂ ਦੇ ਭਟਕਾਵਾਂ ਵਿਰੁੱਧ ਨਿਰੰਤਰ ਲੜਾਈ ਲੜੀ। ਇਨਕਲਾਬੀ ਤਰੱਕੀ ਦੇ ਮਹੱਤਵਪੂਰਨ ਮੋੜਾਂ ਤੇ ਇਨ੍ਹਾਂ ਭਟਕਣਾਂ ਵਿਚੋਂ ਹਰੇਕ ਨੂੰ ਤਬਾਹ ਕਰਨ ਅਤੇ ਗਲਤ ਦਿਸ਼ਾ ਅਪਣਾਉਣ ਤੋਂ ਬਚਣ ਲਈ, ਉਸਨੇ ਆਪਣੀਆਂ ਯਾਦਗਾਰੀ ਰਚਨਾਵਾਂ ਲਿਖੀਆਂ ਜੋ ਮਜ਼ਦੂਰ ਜਮਾਤ ਲਹਿਰ ਨੂੰ ਅੱਗੇ ਵਧਣ ਦਾ ਸਹੀ ਰਸਤਾ ਸਪਸ਼ਟ ਕਰਦੀਆਂ ਹਨ। ਲੈਨਿਨ ਨੂੰ ਇਨਕਲਾਬੀ ਲਹਿਰ ਲਈ ਇੱਕ ਸਪਸ਼ਟ ਦਿਸ਼ਾ ਦੇਣ ਲਈ ਅਤੇ ਇਸ ਨੂੰ ਫਤਿਹ ਦੀ ਅੰਤਿਮ ਮੰਜ਼ਿਲ ਤੱਕ ਲੈ ਜਾਣ ਲਈ, ਆਪਣੇ ਸਮੇਂ ਦੇ ਮਜ਼ਦੂਰ ਜਮਾਤ ਲਹਿਰ ਦੇ ਬਹੁਤ ਸਾਰੇ ਪ੍ਰਵਾਨਿਤ ਨੇਤਾਵਾਂ ਨਾਲ ਵਿਚਾਰਧਾਰਕ ਤੌਰ 'ਤੇ ਲੜਾਈ ਲੜਨੀ ਪਈ।

**ਮਾਰਕਸਵਾਦ ਨੂੰ ਸਾਕਾਰ ਕਰਨ ਵਾਲਾ ਰੂਸੀ ਇਨਕਲਾਬ :** ਮਾਰਕਸਵਾਦ ਅਤੇ ਮਾਰਕਸਵਾਦ ਨੂੰ ਸਹੀ ਢੰਗ ਨਾਲ ਸਮਝ ਕੇ, ਲੈਨਿਨ ਨੇ ਇਹ ਮਹਿਸੂਸ ਕੀਤਾ ਸੀ ਕਿ ਰੂਸੀ ਇਨਕਲਾਬ ਸਮੇਤ ਕੋਈ ਵੀ ਇਨਕਲਾਬ ਤਦ ਤੱਕ ਸਫਲ ਨਹੀਂ ਹੋ ਸਕਦਾ, ਜਦ

ਤੱਕ ਦੇਸ਼ ਦੀਆਂ ਘਰੇਲੂ ਹਾਲਤਾਂ ਅਤੇ ਇਸ ਦੀਆਂ ਵਿਰੋਧਤਾਈਆਂ ਦੇ ਨਾਲ ਨਾਲ ਵਿਸ਼ਵ ਪੱਧਰ ’ਤੇ ਵਾਪਰ ਰਹੀਆਂ ਘਟਨਾਵਾਂ ਅਤੇ ਵਿਰੋਧਤਾਈਆਂ ਦਾ ਸਹੀ ਵਿਸ਼ਲੇਸ਼ਣ ਨਾ ਕੀਤਾ ਜਾਵੇ।

ਵਿਸ਼ਵ ਪੱਧਰ ਤੇ ਪੂੰਜੀਵਾਦ ਦੇ ਵਿਕਾਸ ਤੋਂ ਬਾਅਦ, ਲੈਨਿਨ ਨੇ ਮਾਰਕਸ ਦੁਆਰਾ ਪੂੰਜੀਵਾਦ ਅਤੇ ਇਸ ਦੀਆਂ ਪ੍ਰਵਿਰਤੀਆਂ ਦੇ ਵਿਸ਼ਲੇਸ਼ਣ ਦੇ ਆਧਾਰ ’ਤੇ ਨੋਟ ਕੀਤਾ ਕਿ ਜਿਵੇਂ ਜਿਵੇਂ ਪੂੰਜੀਵਾਦ ਵਿਕਸਤ ਹੋਇਆ ਹੈ, ਤਿਵੇਂ ਤਿਵੇਂ ਪੂੰਜੀ ਦਾ ਕੇਂਦਰੀਕਰਣ ਹੋਇਆ ਹੈ ਅਤੇ ਪੂੰਜੀਵਾਦ ਦੇ ਵਿਕਾਸ ਨਾਲ ਪੂੰਜੀ ਦਾ ਕੇਦਰੀਕਰਣ ਨਵੇਂ ਪੱਧਰਾਂ ’ਤੇ ਪਹੁੰਚ ਗਿਆ ਹੈ, ਜਿਸ ਨਾਲ ਇਕ ਗੁਣਾਂਤਕਮ ਤਬਦੀਲੀ ਆਈ ਹੈ। ਮਾਰਕਸ ਨੇ ਆਪਣੇ ਸਮੇਂ ਦੇ ਅੰਤ ਵਿੱਚ ਏਕਾਅਧਿਕਾਰ ਪੂੰਜੀਵਾਦ ਦੇ ਰੁਝਾਨਾਂ ਨੂੰ ਨੋਟ ਕੀਤਾ ਸੀ, ਜਿਸ ਨੂੰ ਬਾਅਦ ਵਿੱਚ, ਏਂਗਲਜ਼ ਨੇ ਮਾਰਕਸ ਦੇ ਮਰਨ ਉਪਰੰਤ ਪ੍ਰਕਾਸ਼ਨ ਕੈਪੀਟਲ ਭਾਗ-3 ਵਿੱਚ ਸ਼ਾਮਲ ਕੀਤਾ। ਲੈਨਿਨ ਨੇ ਨੋਟ ਕੀਤਾ ਸੀ ਕਿ 20ਵੀਂ ਸਦੀ ਦੇ ਸ਼ੁਰੂ ਵਿੱਚ, ਏਕਾਅਧਿਕਾਰ ਪੂੰਜੀਵਾਦ ਦੇ ਵਿਕਾਸ ਅਤੇ ਪੂੰਜੀ ਦੇ ਰਾਜ ਨੇ ਦੁਨੀਆਂ ਨੂੰ ਗੁਲਾਮੀ ਵਿੱਚ ਜਕੜ ਲਿਆ ਸੀ । ਇਹ ਦੌਰ ਸਾਮਰਾਜ ਦਾ ਦੌਰ ਸੀ। ਲੈਨਿਨ ਨੇ ਇਸ ਪੜਾਅ ਨੂੰ ਪੂੰਜੀਵਾਦ ਦੇ ਸਭ ਤੋਂ ਉਚੇ ਪੜਾਅ ਵਜੋਂ ਸ਼੍ਰੇਣੀਬੱਧ ਕੀਤਾ। ਸਾਮਰਾਜ ਨੇ ਜੋ ਨਵੇਂ ਵਿਰੋਧ ਉਤਪਨ ਕੀਤੇ, ਲੈਨਿਨ ਨੇ ਉਨ੍ਹਾਂ ਦਾ ਸਹੀ ਢੰਗ ਨਾਲ ਪਰਖ ਅਤੇ ਵਿਸ਼ਲੇਸ਼ਣ ਕੀਤਾ ਅਤੇ ਦਰਸਾਇਆ ਕਿ ਸਾਮਰਾਜਵਾਦੀ ਪੜਾਅ ਵਾਲਾ ਪੂੰਜੀਵਾਦ ਪੂਰੀ ਦੁਨੀਆਂ ਨੂੰ ਜੰਜ਼ੀਰਾਂ ਵਿੱਚ ਬੰਨ ਚੁੱਕਾ ਹੈ ਅਤੇ ਸਮਾਰਾਜਵਾਦੀ ਦੇਸ਼ਾਂ ਵਿਚਕਾਰ ਵਿਰੋਧਤਾਈਆਂ ਨੂੰ ਵਰਤਦੇ ਹੋਏ ਸਾਮਰਾਜੀ ਜ਼ਜ਼ੀਰ ਦੀ ਸਭ ਤੋਂ ਕਮਜ਼ੋਰ ਕੜੀ ਨੂੰ ਤੋੜਿਆ ਜਾ ਸਕਦਾ ਹੈ। ਉਸ ਸਮੇਂ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਕਮਜ਼ੋਰ ਕੜੀ ਰੂਸ ਸੀ। ਲੈਨਿਨ ਨੇ ਰੂਸੀ ਲੋਕਾਂ ਲਈ ‘ਸ਼ਾਂਤੀ, ਰੋਟੀ ਅਤੇ ਜ਼ਮੀਨ’ ਦੇ ਨਾਅਰੇ ਨੂੰ ਅੱਗੇ ਵਧਾਉਂਦੇ ਹੋਏ ਅੰਤਰ-ਸਾਮਰਾਜੀ ਯੁੱਧ (ਚੱਲ ਰਹੇ ਪਹਿਲੇ ਵਿਸ਼ਵ ਯੁੱਧ) ਨੂੰ ਘਰੇਲੂ ਯੁੱਧ ਵਿੱਚ ਬਦਲਣ ਦਾ ਸੱਦਾ ਦਿੱਤਾ। ਠੋਸ ਸਥਿਤੀਆਂ ਦੇ ਅਜਿਹੇ ਠੋਸ ਵਿਸ਼ਲੇਸਣ ਦੇ ਆਧਾਰ ’ਤੇ ਲੈਨਿਨ ਰੂਸੀ ਇਨਕਲਾਬੀ ਲਹਿਰ ਨੂੰ ਅਕਤੂਬਰ 1917 ਦੇ ਇਨਕਲਾਬ ਵਿੱਚ ਇਸਦੀ ਅੰਤਮ ਜਿੱਤ ਤੱਕ ਲੈ ਗਏ।

ਸਾਮਰਾਜਵਾਦ, ਇਸ ਦੇ ਵਿਸ਼ਲੇਸ਼ਣ ਅਤੇ ਅੰਤਰ-ਸਾਮਰਾਜੀ ਵਿਰੋਧਤਾਈਆਂ ਦੇ ਉਭਾਰ ਬਾਰੇ ਲੈਨਿਨਵਾਦੀ ਸਮਝ ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਨਾਲ ਜ਼ੋਰਦਾਰ ਢੰਗ ਨਾਲ ਸੱਚੀ ਸਾਬਤ ਹੋਈ। ਜਿੱਥੇ ਇਨ੍ਹਾਂ ਵਿਰੋਧਤਾਈਆਂ ਨੇ ਜਰਮਨੀ ਦੀ ਅਗਵਾਈ ਵਿੱਚ ਇੱਕ ਨਵੇਂ ਵਿਸ਼ਵ ਵਿਵਸਥਾ ਦੀ ਭਾਲ ਸ਼ੁਰੂ ਕਰ ਦਿੱਤੀ, ਉਥੇ ਅੰਤਰ-ਸਾਮਰਾਜੀ ਵਿਰੋਧਤਾਈਆਂ ਦੇ ਨਤੀਜੇ ਵਜੋਂ ਫਾਸ਼ੀਵਾਦ ਦੀ ਹਾਰ ਹੋਈ ਅਤੇ ਪੂਰਬੀ ਯੂਰਪ ਦੀ ਮੁਕਤੀ ਹੋਈ। ਇਹ ਇੱਕ ਨਵੇਂ ਗੁਣਾਂਤਮਕ ਪੜਾਅ-ਕਲਿਆਣਕਾਰੀ ਪੂੰਜੀਵਾਦ ਦਾ ਆਗਾਜ਼ ਸੀ ਜੋ ਜਮਾਤੀ ਤਾਕਤਾਂ ਦੇ ਅੰਤਰਰਾਸ਼ਟਰੀ ਸਬੰਧਾਂ ਨੂੰ ਧਿਆਨ ਵਿੱਚ ਰੱਖਦਿਆਂ ਸਮਾਜਵਾਦ ਦੇ ਹੱਕ ਵਿੱਚ ਗਿਆ ਸੀ।

ਅੱਜ, ਜਦੋਂ ਅਸੀਂ ਆਪਣੇ ਆਪ ਨੂੰ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਕਹਿੰਦੇ ਹਾਂ, ਤਾਂ ਅਸੀਂ ਇਹ ਸੁਚੇਤ ਤੌਰ ’ਤੇ ਇਸ ਲਈ ਕਹਿੰਦੇ ਹਾਂ ਕਿਉਂਕਿ ਲੈਨਿਨ ਨੇ ਮਾਰਕਸਵਾਦ ਨੂੰ ਸਾਰੇ ਪਹਿਲੂਆਂ ਵਿੱਚ ਅਮੀਰ ਬਣਾਇਆ । ਹਰ ਤਰ੍ਹਾਂ ਦੇ ਭਟਕਾਅ, ਸੁਧਾਰਵਾਦੀ ਅਤੇ ਖੱਬੇ ਪੱਖੀ ਭਟਕਾਅ ਨਾਲ ਲੜਾਈ, ਮਜ਼ਦੂਰ-ਕਿਸਾਨ ਗਠਜੋੜ ਦੇ ਧੁਰੇ ਦੇ ਨਾਲ ਸ਼ੋਸ਼ਿਤ ਵਰਗਾਂ ਦੇ ਸਾਰੇ ਵਰਗਾਂ ਨੂੰ ਲਾਮਬੰਦ ਕਰਨ ਦੇ ਦਾਅਪੇਚ, ਮਨੁੱਖੀ ਮੁਕਤੀ ਵੱਲ ਇਤਿਹਾਸ ਦੇ ਰਾਹ ਨੂੰ ਆਕਾਰ ਦੇਣ ਲਈ ਠੋਸ ਵਿਸ਼ਲੇਸਣ ਅਤੇ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ ਲੋੜੀਂਦੇ ਢੁਕਵੇਂ ਦਾਅਪੇਚਾਂ ਦੇ ਆਧਾਰ ’ਤੇ ਠੋਸ ਸਥਿਤੀ ਵਿੱਚ ਦਖਲ ਦੇਣ ਦੇ ਸਮਰੱਥ ਮਜ਼ਦੂਰ ਵਰਗ ਦੀ ਇੱਕ ਪਾਰਟੀ ਦਾ ਨਿਰਮਾਣ ਕਰਨਾ ਸ਼ਾਮਿਲ ਸੀ। ਸਟਾਲਿਨ ਨੇ ਲੈਨਿਨਵਾਦ ਨੂੰ “ਸਾਮਰਾਜਵਾਦ ਦੇ ਯੁੱਗ ਵਿੱਚ ਮਾਰਕਸਵਾਦ” ਵਜੋਂ ਪਰਿਭਾਸ਼ਿਤ ਕੀਤਾ ਸੀ।

**ਵਿਸ਼ਵ ਪੱਧਰੀ ਸਾਮਰਾਜ ਵਿਰੋਧੀ ਸੰਘਰਸ਼ :** ਲੈਨਿਨ ਵਿਸ਼ਵ ਮਜ਼ਦੂਰ ਇਨਕਲਾਬ ਦੇ ਆਗੂ ਸਨ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਰੂਸ ਵਿੱਚ ਸਮਾਜਵਾਦ ਦੀ ਜਿੱਤ ਅਤੇ ਯੂਐਸਐਸਆਰ ਦੇ ਗਠਨ ਨੇ ਵਿਸ਼ਵ ਪੱਧਰ 'ਤੇ ਸਾਮਰਾਜਵਾਦ ਵਿਰੁੱਧ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ ਇੱਕ ਨਵਾਂ ਉਤਸ਼ਾਹ ਦਿੱਤਾ ਹੈ। ਇਸ ਸਮਝ ਨਾਲ ਹੀ ਕਮਿਊਨਿਸਟ ਇੰਟਰਨੈਸ਼ਨਲ ਨੇ ਦੁਨੀਆਂ ਦੇ ਲੱਗ ਭੱਗ ਹਰ ਦੇਸ਼ ਵਿੱਚ ਕਮਿਊਨਿਸਟ ਪਾਰਟੀਆਂ ਦੇ ਗਠਨ ਵਿੱਚ ਸਹਾਇਤਾ ਕੀਤੀ ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਲੋਕਾਂ ਦੇ ਰਾਸ਼ਟਰੀ ਸੰਘਰਸ਼ਾਂ ਨੂੰ ਸਾਮਰਾਜਵਾਦ ਵਿਰੁੱਧ ਵਿਸ਼ਵ ਸੰਘਰਸ਼ ਨਾਲ ਜੋੜਿਆ ਗਿਆ।

ਲੈਨਿਨ ਦੇ ਥੀਸਿਸ ਦਾ ਦੁਨੀਆਂ ਭਰ ਵਿੱਚ ਰਾਸ਼ਟਰੀ ਮੁਕਤੀ ਅਤੇ ਬਸਤੀਵਾਦ ਵਿਰੋਧੀ ਸੰਘਰਸ਼ਾਂ 'ਤੇ ਡੂੰਘਾ ਪ੍ਰਭਾਵ ਪਿਆ। ਇਹ ਪ੍ਰਭਾਵ ਇਨ੍ਹਾ ਗਹਿਰਾ ਸੀ ਕਿ ਇਸ ਨਾਲ ਇਨਕਲਾਬੀ ਲਹਿਰ ਵਿੱਚ ਇਤਿਹਾਸਕ ਤਬਦੀਲੀਆਂ ਆਈਆਂ। ਇਹ ਪ੍ਰਭਾਵ ਹੋ ਚੀ ਮਿਨ੍ਹ ਦੀ ਪ੍ਰਤੀਕਿਰਿਆ ਦੁਆਰਾ ਸਪਸ਼ਟ ਤੌਰ 'ਤੇ ਪ੍ਰਗਟ ਹੁੰਦਾ ਹੈ, ਜੋ ਕਿ ਫਰਾਂਸ ਵਿਚ ਰਹਿੰਦੇ ਹੋਏ ਵੀਅਤਨਾਮ ਵਿੱਚ ਫਰਾਂਸੀਸੀ ਬਸਤੀਵਾਦੀਆਂ ਦੁਆਰਾ ਕੀਤੇ ਗਏ ਅਪਰਾਧਾਂ ਦੀ ਨਿੰਦਾ ਕਰਦੇ ਹੋਏ ਪੈਂਫਲੇਟ ਵੰਡ ਰਿਹਾ ਸੀ। ਉਸ ਨੇ ਪੈਂਫਲਟ ਵਿੱਚ ਲਿਖਿਆ ਸੀ, "ਓਸ ਸਮੇਂ, ਮੈਂ ਅਕਤੂਬਰ ਇਨਕਲਾਬ ਦਾ ਸਮਰਥਨ ਸਿਰਫ ਜਜ਼ਬਾਤੀ ਤੌਰ 'ਤੇ ਕਰ ਰਿਹਾ ਸੀ, ਮੈਂ ਅਜੇ ਤੱਕ ਇਸ ਦੀ ਸਾਰੀ ਇਤਿਹਾਸਕ ਮਹੱਤਤਾ ਨੂੰ ਨਹੀਂ ਸਮਝਿਆ ਸੀ। ਮੈਂ ਲੈਨਿਨ ਨੂੰ ਪਿਆਰ ਕਰਦਾ ਸੀ ਅਤੇ ਉਸਦੀ ਪ੍ਰਸ਼ੰਸਾ ਕਰਦਾ ਸੀ ਕਿਉਂਕ ਉਹ ਇੱਕ ਮਹਾਨ ਦੇਸ਼ ਭਗਤ ਸਨ ਜਿਨਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਆਜ਼ਾਦ ਕਰਵਾਇਆ । ਉਦੋਂ ਤੱਕ ਮੈਂ ਉਸਦੀ ਕੋਈ ਕਿਤਾਬ ਨਹੀਂ ਪੜ੍ਹੀ ਸੀ"। (ਫਿਰ) ਇੱਕ ਸਾਥੀ ਨੇ ਮੈਨੂੰ ਲੈਨਿਨ ਦੇ "ਰਾਸ਼ਟਰੀ ਬਸਤੀਵਾਦੀ ਮੁੱਦਿਆਂ ਉੱਪਰ ਥੀਸਸ" ਪੜਨ ਲਈ ਦਿੱਤਾ ਜੋ 'Humanite' ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਥੀਸਿਸ ਵਿੱਚ ਬਹੁਤ ਸਾਰੇ ਰਾਜਨੀਤਕ ਸ਼ਬਦ ਸਨ ਜੋ ਸਮਝਣ ਵਿੱਚ ਮੁਸ਼ਕਲ ਸਨ। ਪਰ ਇਸ ਨੂੰ ਵਾਰ ਵਾਰ ਪੜ੍ਹਨ ਨਾਲ ਅੰਤ ਵਿੱਚ ਮੈਂ ਇਸ ਦੇ ਮੁੱਖ ਹਿੱਸੇ ਨੂੰ ਸਮਝ ਸਕਿਆ। ਇਸ ਨੇ ਮੇਰੇ ਅੰਦਰ ਜੋ ਭਾਵਨਾ, ਉਤਸ਼ਾਹ, ਸਪਸ਼ਟ ਦ੍ਰਿਸ਼ਟੀ ਅਤੇ ਵਿਸ਼ਵਾਸ ਪੈਦਾ ਕੀਤਾ, ਉਹ ਬਿਆਨ ਤੋਂ ਪਰੇ ਹੈ। ਮੈਂ ਖੁਸ਼ੀ ਨਾਲ ਰੋ ਪਿਆ। ਭਾਵੇਂ ਮੈਂ ਆਪਣੇ ਕਮਰੇ ਵਿੱਚ ਇਕੱਲਾ ਬੈਠਾ ਹੋਇਆ ਸੀ, ਮੈਂ ਉਚੀ ਆਵਾਜ਼ ਵਿੱਚ ਚੀਕਿਆ, ਜਿਵੇਂ ਵੱਡੀ ਭੀੜ ਨੂੰ ਸੰਬੋਧਨ ਕਰ ਰਿਹਾ ਹੋਵਾਂ, "ਪਿਆਰੇ ਸ਼ਹੀਦ ਸਾਥੀਓ ਅਤੇ ਦੇਸ਼ ਵਾਸੀਓ! ਇਹੀ ਉਹ ਗੱਲ ਹੈ ਜਿਸਦੀ ਸਾਨੂੰ ਲੋੜ ਸੀ, ਇਹੀ ਸਾਡੀ ਮੁਕਤੀ ਦਾ ਰਸਤਾ ਹੈ।" (ਉਹ ਰਾਹ ਜੋ ਮੈਨੂੰ ਲੈਨਿਨਵਾਦ ਵੱਲ ਲੈ ਗਿਆ, 1960, ਹੋ ਚੀ ਮਿਨ੍ਹ ਦੀਆਂ ਚੁਣੀਆਂ ਹੋਈਆਂ ਰਚਨਾਵਾਂ, ਭਾਗ –4)।

ਲੈਨਿਨ ਨੇ ਪੂਰਬ ਦੇ ਮਿਹਨਤਕਸ਼ਾਂ ਲਈ ਯੂਨੀਵਰਸਿਟੀ ਦੀ ਸਥਾਪਨਾ ਕੀਤੀ। ਦੁਨੀਆਂ ਭਰ ਦੇ ਬਹੁਤ ਸਾਰੇ ਇਨਕਲਾਬੀਆਂ ਨੇ ਸਿਧਾਂਤ ਅਤੇ ਅਮਲ ਦੋਵਾਂ ਵਿੱਚ ਇਥੋਂ ਆਪਣੇ ਆਪ ਨੂੰ ਤਿਆਰ ਕੀਤਾ ਅਤੇ ਇਨਕਲਾਬੀ ਲਹਿਰ ਨੂੰ ਮਜ਼ਬੂਤ ਕਰਨ ਲਈ ਆਪਣੇ ਦੇਸ਼ਾਂ ਵਿੱਚ ਵਾਪਸ ਮੁੜ ਆਏ। ਇਸ ਤਰ੍ਹਾਂ, ਲੈਨਿਨ ਨੇ ਮਜ਼ਦੂਰ ਜਮਾਤ ਦੀ ਅੰਤਰਰਾਸ਼ਟਰੀ ਇੱਕਮੁੱਠਤਾ–ਕਮਿਊਨਿਸਟ–ਅੰਤਰਰਾਸ਼ਟਰੀਵਾਦ, "ਦੁਨੀਆਂ ਭਰ ਦੇ ਮਿਹਨਤਕਸ਼ੋ–ਇੱਕ ਹੋ ਜਾਵੋ, ਤੁਹਾਡੇ ਕੋਲ ਗਵਾਉਣ ਲਈ ਕੁੱਝ ਨਹੀਂ, ਸਿਵਾਏ ਆਪਣੀਆਂ ਜ਼ਜੀਰਾਂ ਦੇ" ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

**ਵਿਅਕਤੀਗਤ ਕਾਰਕ :** ਪੂੰਜੀਵਾਦ ਕਦੇ ਵੀ ਆਪਣੇ ਆਪ ਨਹੀਂ ਢਹਿੰਦਾ। ਇਸ ਨੂੰ ਉਖਾੜ ਸੁਟਣਾ ਪੈਂਦਾ ਹੈ। ਇਹ ਨਿਰਣਾਇਕ ਤੌਰ 'ਤੇ ਮਜ਼ਦੂਰ ਵਰਗ ਦੀ ਅਗਵਾਈ ਵਿੱਚ ਸਮਾਜ ਵਿੱਚ ਉਸ ਭੌਤਿਕ ਸ਼ਕਤੀ ਦੀ ਮਜ਼ਬੂਤੀ 'ਤੇ ਨਿਰਭਰ ਕਰਦਾ ਹੈ ਜੋ ਲੋਕ ਸੰਘਰਸ਼ਾਂ ਰਾਹੀਂ, ਪੂੰਜੀ ਦੇ ਰਾਜ ਵਿਰੁੱਧ ਰਾਜਨੀਤਕ ਹਮਲਾ ਸ਼ੁਰੂ ਕਰਨ ਲਈ ਜਮਾਤੀ ਸੰਘਰਸ਼ ਦੀ ਤੀਬਰਤਾ ਨੂੰ ਵਧਾ ਸਕਦੀ ਹੈ। ਇਸ ਭੌਤਿਕ ਸ਼ਕਤੀ ਦਾ ਨਿਰਮਾਣ ਅਤੇ ਇਸ ਦੀ ਤਾਕਤ ਹੀ 'ਵਿਅਕਤੀਗਤ ਕਾਰਕ' ਹੈ, ਜਿਸ ਦੀ ਮਜ਼ਬੂਤੀ ਇੱਕ

ਜ਼ਰੂਰੀ ਕਾਰਕ’ ਹੈ। ਬਾਹਰਮੁੱਖੀ ਕਾਰਕ ਜਿਨ੍ਹਾਂ ’ਚ ਸੰਕਟ ਦੀਆਂ ਠੋਸ ਹਾਲਤਾਂ ਸ਼ਾਮਲ ਹਨ ਭਾਵੇਂ ਉਹ ਇੱਕ ਇਨਕਲਾਬੀ ਵਾਧੇ ਲਈ ਕਿੰਨੀਆਂ ਵੀ ਅਨੁਕੂਲ ਕਿਉਂ ਨਾ ਹੋਣ, ਇਸ ਵਿਅਕਤੀਗਤ ਕਾਰਕ’ ਦੀ ਮਜ਼ਬੂਤੀ ਤੋਂ ਬਿਨਾਂ ਪੂੰਜੀ ਦੇ ਸ਼ਾਸਨ ਵਿਰੁੱਧ ਉਨ੍ਹਾਂ ਨੂੰ ਇੱਕ ਇਨਕਲਾਬੀ ਹਮਲੇ ਵਿੱਚ ਬਦਲਿਆ ਨਹੀਂ ਜਾ ਸਕਦਾ।

ਮਜ਼ਦੂਰ ਜਮਾਤ ਨੂੰ ਜਮਾਤੀ ਸੰਘਰਸ਼ਾਂ ਨੂੰ ਤਿੱਖਾ ਕਰਨ ਅਤੇ ਇਨ੍ਹਾਂ ਅਸਲ ਸਥਿਤੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵੱਖ ਵੱਖ ਤਰ੍ਹਾਂ ਦੇ ਦਰਮਿਆਨੇ ਨਾਅਰਿਆਂ, ਉਪਾਵਾਂ ਅਤੇ ਰਣਨੀਤੀਆਂ ਦੀ ਵਰਤੋਂ ਕਰਨੀ ਪਵੇਗੀ, ਤਾਂ ਜੋ ਜਮਾਤੀ ਸੰਘਰਸ਼ ਤੇਜ਼ ਹੋ ਸਕੇ, ਹਕੀਕੀ ਹਾਲਤਾਂ ਦੀ ਚਣੌਤੀ ਦਾ ਸਾਹਮਣਾ ਕੀਤਾ ਜਾ ਸਕੇ ਅਤੇ ‘ਵਿਅਕਤੀਗਤ ਕਾਰਕ’ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਇਸ ਤਰ੍ਹਾਂ, ਆਪਣੇ-ਆਪਣੇ ਦੇਸ਼ਾਂ ਵਿੱਚ ਇਨਕਲਾਬੀ ਤਬਦੀਲੀ ਦੀ ਪ੍ਰਕਿਰਿਆ ਨੂੰ ਅੱਗੇ ਵਧਾਇਆ ਜਾ ਸਕੇ।

**ਮਾਹਰ ਇਨਕਲਾਬੀ ਦਾਅਪੇਚਕ** : ਇਸ ਪ੍ਰਕਿਰਿਆ ਨੂੰ ਅੱਗੇ ਵਧਾਉਣ ਅਤੇ ਲੋੜੀਂਦੇ ਢੁਕਵੇਂ ਦਾਅਪੇਚਾਂ ਨੂੰ ਅੱਗੇ ਵਧਾਉਣ ਲਈ, ਲੈਨਿਨ ਦੀਆਂ ਸਿੱਖਿਆਵਾਂ ਅਤੇ ਅਭਿਆਸ ਫਿਰ ਤੋਂ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ। ਮਰਹੂਮ ਐਮ ਬਸਵਾਪੁੰਨਈਆਂ ਨੇ ਲੈਨਿਨ ਦੀ ਜਨਮ ਸ਼ਤਾਬਦੀ ਦੇ ਮੌਕੇ ’ਤੇ ਪੀਪਲਜ਼ ਡੈਮੋਕਰੇਸੀ ਵਿੱਚ ‘ਮਜ਼ਦੂਰ ਜਮਾਤ ਦੀ ਰਾਜਨੀਤਕ ਤਾਕਤ ਲਈ ਸੰਘਰਸ਼ ਅਤੇ ਇਸ ਦੀ ਮਜ਼ਬੂਤੀ ਲਈ ਇੱਕ ਮਾਹਰ ਦਾਅਪੇਚਕ’ ਦੇ ਸਿਰਲੇਖ ਹੇਠ ਇੱਕ ਲੇਖ ਲਿਖਿਆ ਸੀ। ਅਕਸਰ, ਬਹੁਤ ਸਾਰੇ ਲੋਕ ਲੈਨਿਨ ਦੀ ਦਾਅਪੇਚਕ ਪ੍ਰਤਿਭਾ ਵੱਲ ਧਿਆਨ ਨਹੀਂ ਦਿੰਦੇ ਅਤੇ ਕਿਵੇਂ ਉਸਨੇ ਰੂਸੀ ਇਨਕਲਾਬ ਦੀ ਜਿੱਤ ਵੱਲ ਲੈ ਜਾਣ ਵਾਲੀਆਂ ਘਟਨਾਵਾਂ ਦੇ ਹਰ ਮੋੜ ’ਤੇ ਸਹੀ ਦਾਅਪੇਚ ਤਿਆਰ ਕੀਤੇ ਸਨ। ਵਿਸ਼ਵ ਪੱਧਰ ’ਤੇ ਉਸਨੇ ਸਾਮਰਾਜਵਾਦ ਦੇ ਵਿਰੁੱਧ ਵਿਸ਼ਵ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ ਅਪਣਾਏ ਜਾਣ ਵਾਲੇ ਦਾਅਪੇਚਾਂ ਲਈ ਦਿਸ਼ਾ ਨਿਰਦੇਸ਼ ਦਿੱਤੇ ਸਨ।

ਸਟਾਲਿਨ, “ਫਾਊਂਡੇਸ਼ਨਜ਼ ਆਫ ਲੈਨਿਨਵਾਦ” ਨਾਮ ਦੇ ਇੱਕ ਮਹੱਤਵਪੂਰਨ ਦਸਤਾਵੇਜ਼ ਵਿੱਚ ਲੈਨਿਨ ਦੇ ਦਾਅਪੇਚਕ ਸਿਧਾਂਤਾਂ ਦਾ ਸਾਰ ਦਿੰਦੇ ਹਨ, ਉਹ ਇਹ ਹਨ (1) ਰਾਸ਼ਟਰੀ ਵਿਲੱਖਣਤਾਵਾਂ ਅਤੇ ਵਿਸ਼ੇਸ਼ਤਾਵਾਂ (2)ਇਨਕਲਾਬੀ ਸੰਘਰਸ਼ ਨੂੰ ਅੱਗੇ ਵਧਾਉਣ ਲਈ ਮਜ਼ਦੂਰਾਂ ਵਾਸਤੇ ਸਹਿਯੋਗੀਆਂ ਨੂੰ ਪ੍ਰਾਪਤ ਕਰਨ ਦੀਆਂ ਛੋਟੀਆਂ ਤੋਂ ਛੋਟੀਆਂ ਸੰਭਾਵਨਾਵਾਂ ਦੀ ਵਰਤੋਂ ਕਰਨੀ, ਭਾਵੇਂ ਉਹ ਸਹਿਯੋਗੀ ਸਥਾਈ, ਅਸਥਾਈ, ਡਗਮਗਾ ਰਹੇ ਹੋਣ ਜਾਂ ਭਰੋਸੇਯੋਗ ਨਾ ਵੀ ਹੋਣ (3) ਇਹ ਸੱਚ ਹੈ ਕਿ ਸਿਰਫ ਪ੍ਰਚਾਰ ਅਤੇ ਅੰਦੋਲਨ ਹੀ ਰਾਜਨੀਤਕ ਸਿੱਖਿਆ ਲਈ ਕਾਫੀ ਨਹੀਂ ਹੁੰਦੇ, ਸਗੋਂ ਜਨਸਮੂਹ ਦਾ ਅਮਲੀ ਤਜਰਬਾ ਵੀ ਜ਼ਰੂਰੀ ਹੁੰਦਾ ਹੈ।

**ਮੌਜੂਦਾ ਸਥਿਤੀ** : ਇਸ ਦਿਸ਼ਾ ਵਿੱਚ ਅੱਗੇ ਵਧਣ ਲਈ, ਮੌਜੂਦਾ ਭਾਰਤੀ ਹਾਲਤਾਂ ਵਿੱਚ, ਤੁਰੰਤ ਕੰਮ ਇਹ ਹੈ ਕਿ ਭਾਜਪਾ ਨੂੰ ਅਲੱਗ-ਥਲੱਗ ਕੀਤਾ ਜਾਵੇ ਅਤੇ ਹਰਾਇਆ ਜਾਵੇ, ਰਾਜ ਸ਼ਕਤੀ ਤੋਂ ਉਸਦਾ ਕਬਜ਼ਾ ਖਤਮ ਕੀਤਾ ਜਾਵੇ ਹੈ ਜਿਸ ਦੀ ਵਰਤੋਂ ਉਹ ਭਾਰਤੀ ਸੰਵਿਧਾਨ ਨੂੰ ਤਬਾਹ ਕਰਨ ਅਤੇ ਧਰਮ ਨਿਰਪੱਖ ਲੋਕਤੰਤਰੀ ਗਣਰਾਜ ਨੂੰ ਇੱਕ ਬਹੁਤ ਜ਼ਿਆਦਾ ਅਸਹਿਣਸ਼ੀਲ, ਫਾਸ਼ੀਵਾਦੀ, “ਹਿੰਦੂਤਵ ਰਾਸ਼ਟਰ” ਦੇ ਆਰਐਸਐਸ ਦ੍ਰਿਸ਼ਟੀਕੋਣ ਵਿੱਚ ਬਦਲਣ ਲਈ ਕਰਦੀ ਹੈ। ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ, ਸਾਨੂੰ ਲੈਨਿਨਵਾਦੀ ਸਿਧਾਂਤਾਂ ਦੇ ਇਨਕਲਾਬੀ ਦਾਅਪੇਚਾਂ ’ਤੇ ਅਧਾਰਿਤ ਢੁਕਵੇਂ ਦਾਅਪੇਚ ਅਪਣਾਉਣੇ ਚਾਹੀਦੇ ਹਨ।

**ਲੈਨਿਨ- ਜ਼ਿੰਦਾਬਾਦ**!

**ਅਨੁਵਾਦ ਅੰਗਰੇਜ਼ੀ ਤੋਂ ਪੰਜਾਬੀ** : **ਹਰਭਜਨ ਸਿੰਘ, ਮੋਬਾ** : **96460-01023**